# ਬੱਚਿਆਂ ਲਈ ਬਾਈਬਲ

ਉਪੱਸਥਿਤ

# ਸੈਮੂਏਲ ਪਰਮੇਸ਼ਵਰ ਦਾ ਦਾਸ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Lyn Doerksen


ਕਹਾਣੀ 17 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi



ਹੱਨਾ ਇੱਕ ਚੰਗੀ ਔਰਤ, ਜਿਸ ਦਾ ਵਿਆਹ ਅਲਕਾਨਾ ਨਾ ਦੇ ਚੰਗੇ ਮਨੁੱਖ ਨਾਲ ਹੋਇਆ ਸੀ। ਉਹ ਦੋਨੋ ਪਰਮੇਸ਼ਵਰ ਦੀ ਉਪਾਸਨਾ ਕਰਦੇ ਅਤੇ ਦੂਸਰਿਆਂ ਉੱਤੇ ਦਯਾ ਕਰਦੇ ਸੀ।ਪਰ ਹੱਨਾ ਦੇ ਜੀਵਨ ਵਿੱਚ ਕੁਝ ਘਾਟ ਸੀ।

1



ਉਹ ਇੱਕ ਬੱਚਾ ਚਾਹੁੰਦੀ ਸੀ। ਉਹ ਕਿਵੇਂ ਵੀ ਇੱਕ ਬੱਚਾ ਚਾਹੁੰਦੀ ਸੀ! ਉਸ ਨੇ ਇੰਤਜ਼ਾਰ ਅਤੇ ਪ੍ਰਾਥਨਾਂ ਅਤੇ ਆਸ਼ਾ ਅਤੇ ਹੋਰ ਵੀ ਇੰਤਜ਼ਾਰ ਕੀਤਾ। ਪਰ ਬੱਚਾ ਨਹੀ ਹੋਇਆ!

2


ਹਰ ਸਾਲ, ਹੱਨਾ ਪਰਮੇਸ਼ਵਰ ਦੀ
ਹੈਕਲ ਵਿੱਚ ਉਸਦੀ ਅਰਾਧਨਾ
ਕਰਨ ਜਾਦੀ ਸੀ। ਇੱਕ ਸਾਲ
ਉਸ ਨੇ ਪਰਮੇਸ਼ਵਰ ਨਾਲ ਵਾਇਦਾ
ਕੀਤਾ ਕੀ ਜੇਕਰ ਤੁਸੀ ਮੈਨੂੰ ਪੁੱਤਰ
ਦਿਉਂਗੇ, ਉਹ ਉਸ ਲੜਕੇ ਨੂੰ
ਹਮੇਸ਼ਾ ਲਈ ਪਰਮੇਸ਼ਵਰ ਦੀ
ਸੇਵਾ ਲਈ ਦੇ ਦੇਵੇਗੀ।
3


ਬਜ਼ੁਰਗ ਏਲੀ ਯਾਜਕ ਨੇ
ਵੇਖਿਆ ਕੀ ਹੱਨਾ ਪ੍ਰਾਥਨਾਂ
ਕਰ ਰਹੀ ਹੈ। ਉਸ ਨੇ
ਸੋਚਿਆ ਕੇ ਹੱਨਾ ਨੇ ਸ਼ਰਾਬ
ਪੀਤੀ ਹੈ ਕਿਉਂਕਿ ਉਸਦੇ
ਬੁੱਲ ਹਿੱਲਦੇ ਸਨ ਪਰ
ਆਵਾਜ ਨਹੀ ਸੀ।
ਏਲੀ ਨੇ ਹੱਨਾ ਨੂੰ
ਝਿੜਕਿਆ!
4


ਪਰ ਹੱਨਾ ਨੇ ਏਲੀ ਨੂੰ
ਆਪਣੀ ਬੱਚੇ ਲਈ
ਪ੍ਰਾਥਨਾਂ ਦੇ ਬਾਰੇ ਅਤੇ
ਪਰਮੇਸ਼ਵਰ ਨਾਲ
ਵਾਇਦੇ ਦੇ ਬਾਰੇ
ਦੱਸਿਆ। "ਸ਼ਾਂਤੀ ਦੇ
ਨਾਲ ਜਾਹ," ਏਲੀ ਨੇ
ਉੱਤਰ ਦਿੱਤਾ। "ਅਤੇ
ਇਸਰਾਏਲ ਦਾ
ਪਰਮੇਸ਼ਵਰ ਤੇਰੀ
ਪ੍ਰਾਥਨਾਂ ਦਾ ਉੱਤਰ
ਦੇਵੇਗਾ ਜੋ ਤੂੰ ਉਸ ਤੋਂ
ਮੰਗੀ ਹੈ।" ਏਲੀ ਦੇ
ਸ਼ਬਦਾਂ ਨੇ ਹੱਨਾ
ਨੂੰ ਆਸ਼ਾ ਦਿੱਤੀ।
5


ਜਲਦ ਹੀ ਹੱਨਾ ਦਾ ਦਿਲ ਬਹੁਤ ਵੱਡੀ ਖੁਸ਼ੀ ਨਾਲ ਭਰ ਗਿਆ।
"ਪਰਮੇਸ਼ਵਰ ਨੇ ਓਸ ਨੂੰ ਯਾਦ ਰੱਖਿਆ" ਅਤੇ ਉਸਦੀ ਪ੍ਰਾਥਨਾਂ ਦਾ
ਉੱਤਰ ਦਿੱਤਾ। ਉਹ ਅਤੇ ਏਲਕਾਨਾ ਨੂੰ ਇੱਕ ਪੁੱਤਰ ਹੋਇਆ ਜਿਸ ਦਾ
ਨਾ ਸੈਮੂਏਲ ਰੱਖਿਆ (ਜਿਸ ਦਾ ਅਰਥ: ਪਰਮੇਸ਼ਵਰ ਦੁਆਰਾ ਸੁਨਣਾ)।
ਪਰ ਕੀ ਹੱਨਾ ਨੇ ਪਰਮੇਸ਼ਵਰ ਨੂੰ ਅਤੇ ਉਸਦੇ ਨਾਲ ਕੀਤੇ ਹੋਏ
ਵਾਇਦੇ ਨੂੰ ਯਾਦ ਰੱਖਿਆ?
6


ਹੱਨਾ ਨੇ ਹਰ ਸਾਲ
ਪਰਮੇਸ਼ਵਰ ਦੀ
ਹੈਕਲ ਵਿੱਚ ਜਾਣਾ
ਬੰਦ ਕਰ ਦਿੱਤਾ।
ਹੇ ਪਿਆਰਿਓ!
ਕੀ ਉਸ ਨੇ
ਪਰਮੇਸ਼ਵਰ ਨਾਲ
ਕੀਤੇ ਵਾਇਦੇ ਨੂੰ
ਤੋੜ ਦਿੱਤਾ?
7


ਨਹੀ, ਹੱਨਾ ਇੰਤਜ਼ਾਰ
ਵਿੱਚ ਰਹੀ ਕੀ ਸੈਮੂਏਲ
ਇੰਨਾ ਵੱਡਾ ਹੋ ਜਾਵੇ ਕੀ
ਉਹ ਹੈਕਲ ਵਿੱਚ ਰਹੇ
ਅਤੇ ਪਰਮੇਸ਼ਵਰ ਦੀ
ਸੇਵਾ ਵਿੱਚ ਏਲੀ ਦੀ
ਮਦਦ ਕਰ ਸਕੇ। ਤਦ
ਉਸਨੇ ਉਸ ਨੂੰ ਹੈਕਲ
ਵਿੱਚ ਲਿਆਂਦਾ।
8



ਪਰਮੇਸ਼ਵਰ ਨੇ ਹੱਨਾ ਦੀ ਮਹਾਨ ਵਫ਼ਾਦਾਰੀ ਨੂੰ ਸਨਮਾਨ ਦਿੱਤਾ। ਸੈਮੂਏਲ ਤੋਂ ਬਾਅਦ ਪਰਮੇਸ਼ਵਰ ਨੇ ਉਸ ਨੂੰ ਤਿੰਨ ਹੋਰ ਬੇਟੇ ਅਤੇ ਦੋ ਬੇਟੀਆਂ ਦਿੱਤੀਆਂ। ਹਰ ਸਾਲ, ਹੱਨਾ ਪਰਮੇਸ਼ਵਰ ਦੇ ਹੈਕਲ ਵਿੱਚ ਉਸਦੀ ਅਰਾਧਨਾ ਕਰਨ ਜਾਂਦੀ ਸੀ - ਅਤੇ ਸੈਮੂਏਲ ਲਈ ਉਸਦੇ ਦੁਆਰਾ ਬਣਾਇਆ ਵਸਤਰ ਲਿਆਉਦੀ ਸੀ।

9



ਸਿਰਫ਼ ਸੈਮੂਏਲ ਹੀ ਏਲੀ ਦਾ ਸਹਾਇਕ ਨਹੀ ਸੀ। ਏਲੀ ਦੇ ਪੁੱਤਰ ਹੋਪਨੀ ਅਤੇ ਪਿਨਹਾਸ ਵੀ ਉੱਥੇ ਕੰਮ ਕਰਦੇ ਸੀ। ਪਰ ਉਹਨਾਂ ਨੇ ਦੁਸ਼ਟਤਾ ਪੂਰਨ ਕੰਮਾਂ ਨਾਲ ਪਰਮੇਸ਼ਵਰ ਦੀ ਆਗਿਆ ਦੀ ਉਲੱਘਨਾ ਕੀਤੀ, ਅਤੇ ਤਦ ਵੀ ਨਹੀ ਬਦਲੇ ਜਦ ਉਹਨਾਂ ਦੇ ਪਿਤਾ ਨੇ ਉਹਨਾਂ ਤੋਂ ਭੀਖ ਮੰਗੀ। ਏਲੀ ਨੂੰ ਉਹਨਾਂ ਦੇ ਹੈਕਲ ਵਿੱਚ ਕੰਮ ਕਰਨ ਤੇ ਗੁੱਸਾ ਆਉਂਦਾ ਹੋਵੇਗਾ। ਪਰ ਉਸਨੇ ਨਹੀ ਕੀਤਾ।

10



ਇੱਕ ਰਾਤ, ਸੈਮੂਏਲ ਨੇ ਸੁਣਿਆ ਇੱਕ ਆਵਾਜ ਉਸ ਨੂੰ ਬੁਲਾ ਰਹੀ ਹੈ। ਲੜਕੇ ਨੇ ਸੋਚਿਆ ਕੇ ਏਲੀ ਉਸ ਨੂੰ ਬੁਲਾ ਰਿਹਾ ਹੈ। "ਮੈਂ ਇੱਥੇ ਹਾਂ," ਉਸਨੇ ਕਿਹਾ। "ਮੈਂ ਨਹੀ ਬੁਲਾਇਆ," ਏਲੀ ਨੇ ਜਵਾਬ ਦਿੱਤਾ। ਇਹ ਤਿੰਨ ਵਾਰ ਹੋਇਆ। ਤਦ ਏਲੀ ਜਾਣ ਗਿਆ ਕੀ ਪਰਮੇਸ਼ਵਰ ਸੈਮੂਏਲ ਨਾਲ ਗੱਲ ਕਰਨਾ ਚਾਹੁੰਦਾ ਹੈ।

11



ਏਲੀ ਨੇ ਸੈਮੂਏਲ ਨੂੰ ਕਿਹਾ, "ਜੇਕਰ ਉਹ ਤੈਨੂੰ ਬੁਲਾਉਦਾ ਹੈ, ਤੂੰ ਜਰੂਰ ਕਹੀ, 'ਪ੍ਰਭੂ ਬੋਲ, ਤੁਹਾਡਾ ਦਾਸ ਸੁਣਦਾ ਹੈ।'" ਅਤੇ ਪਰਮੇਸ਼ਵਰ ਨੇ ਫਿਰ ਬੁਲਾਇਆ, ਅਤੇ ਸੈਮੂਏਲ ਨੂੰ ਇੱਕ ਬਹੁਤ ਹੀ ਜਰੂਰੀ ਸੰਦੇਸ਼ ਦਿੱਤਾ।

12

ਸਵੇਰ ਵੇਲੇ ਏਲੀ ਨੇ ਸੈਮੂਏਲ ਨੂੰ ਬੁਲਾਇਆ। "ਕੀ ਗੱਲ ਹੈ ਜੋ ਪਰਮੇਸ਼ਵਰ ਨੇ ਤੈਨੂੰ ਕਹੀ?" ਉਸ ਨੇ ਪੁੱਛਿਆ। ਜਵਾਨ ਸੈਮੂਏਲ ਨੇ ਉਸ ਨੂੰ ਸਾਰੀ ਗੱਲ ਦੱਸੀ। ਇਹ ਇੱਕਭਿਆਨਕ ਸੰਦੇਸ਼ ਸੀ - ਪਰਮੇਸ਼ਵਰ ਏਲੀ ਦੇ ਸਾਰੇ ਪਰਿਵਾਰ ਨੂੰ ਖਤਮ ਕਰਨ ਜਾ ਰਿਹਾ ਸੀ ਕਿਉਂਕਿ ਹੋਪਨੀ ਅਤੇ ਪਨਿਹਾਸ ਬਹੁਤ ਹੀ ਦੁਸ਼ਟ ਸਨ।



13

ਪਰਮੇਸ਼ਵਰ ਦੀ ਚੇਤਾਵਨੀ ਸੱਚੀ ਨਿਕਲੀ। ਫਲਿਸਤੀਆਂ ਨਾਲ ਲੜਾਈ ਦੇ ਦੌਰਾਨ ਏਲੀ ਦੇ ਦੋਨੋ ਬੁਰੇ ਪੁੱਤਰ ਪਰਮੇਸ਼ਵਰ ਦੇ ਸੰਦੂਕ ਨੂੰ ਇਸਰਾਈਲੀ ਸੈਨਾਂ ਦੇ ਅੱਗੇ ਅੱਗੇ ਲੈ ਕੇ ਚੱਲੇ। ਦੁਸ਼ਮਨਾਂ ਨੇ ਸੰਦੂਕ ਲੈ ਲਿਆ ਅਤੇ ਹੋਪਨੀ ਅਤੇ ਪਿਨਹਾਸ ਨੂੰ ਬਹੁਤ ਸਾਰੇ ਇਸਰਾਈਲੀਆਂ ਦੇ ਨਾਲ ਮਾਰ ਦਿੱਤਾ। ਜਦ ਏਲੀ ਨੇ ਇਹ ਸੁਣਿਆ, ਉਹ ਆਪਣੀ ਸੀਟ ਤੋਂ ਡਿੱਗ ਪਿਆ, ਉਸਦੀ ਗਰਦਨ ਟੁੱਟ ਗਈ ਅਤੇ ਉਸੇ ਦਿਨ ਮਰ ਗਿਆ।



14

ਪਰਮੇਸ਼ਵਰ ਦੇ ਸੰਦੂਕ ਨੇ ਫ਼ਲਿਸਤੀਆਂ ਵਿੱਚ ਮੁਸੀਬਤ ਲੈ ਆਂਦੀ। ਉਹਨਾਂ ਨੇ ਉਸ ਨੂੰ ਆਪਣੇ ਝੂਠੇ ਦੇਵਤਾ ਦਾਗੋਨ ਦੇ ਮੰਦਰ ਵਿੱਚ ਰੱਖਿਆ। ਸਵੇਰ ਦੇ ਵੇਲੇ, ਦਾਗੋਨ ਦਾ ਪੁੱਤਲਾ ਮੂੰਹ ਦੇ ਭਾਰ ਡਿੱਗਿਆ ਹੋਇਆ ਸੀ। ਫ਼ਲਿਸਤੀਆਂ ਨੇ ਦਾਗੋਨ ਨੂੰ ਚੁੱਕਿਆ - ਪਰ ਦੂਸਰੀ ਸਵੇਰ ਉਹ ਫਿਰ ਡਿੱਗਿਆ ਸੀ। ਇਸ ਵਾਰ ਦਾਗੋਨ ਹਿੱਸਿਆਂ ਵਿੱਚ ਟੁੱਟਿਆ ਹੋਇਆ ਸੀ।



15



ਮੌਤ ਅਤੇ ਬੀਮਾਰੀਆਂ ਫ਼ਲਿਸਤੀਆਂ ਵਿੱਚ ਫੈਲੇ ਸਨ। ਇਹ ਵੇਖਣ ਲਈ ਕੀ ਜੇਕਰ ਇਹ ਸਜਾ ਪਰਮੇਸ਼ਵਰ ਦੇ ਰਿਹਾ ਹੈ, ਫ਼ਲਿਸਤੀਆਂ ਨੇ ਦੋ ਗਾਵਾਂ ਇੱਕ ਰੇੜੇ ਨੂੰ ਖਿੱਚਣ ਲਈ ਜਿਸ ਤੇ ਵਾਚਾ ਦਾ ਸੰਦੂਕ ਸੀ ਲਏ।

16



ਪਰ ਉਹਨਾਂ ਨੇ ਗਾਵਾਂ ਦੇ ਵੱਛਿਆਂ ਨੂੰ ਰੱਖ ਲਿਆ। "ਜੇਕਰ ਗਾਵਾਂ ਇਸਰਾਇਲ ਨੂੰ ਜਾਣ, ਅਤੇ ਆਪਣੇ ਵੱਛਿਆਂ ਨੂੰ ਛੱਡਣ, ਤਾਂ ਅਸੀ ਜਾਣ ਲਵਾਂਗੇ ਕੀ ਇਹ ਪਰਮੇਸ਼ਵਰ ਨੇ ਕੀਤਾ ਹੈ," ਉਹਨਾਂ ਆਖਿਆ। ਅਤੇ ਗਾਵਾਂ ਚਲੀਆਂ ਗਈਆਂ।

17



ਤਦ ਸੈਮੂਏਲ, ਜਿਹੜਾ ਹੁਣ ਇੱਕ ਜਵਾਨ ਮਨੁੱਖ ਸੀ, ਉਸਨੇ ਸਾਰੇ ਇਸਰਾਏਲੀਆਂ ਨਾਲ ਗੱਲ ਕੀਤੀ। "ਜੇਕਰ ਤੁਸੀ ਆਪਣੇ ਪੂਰੇ ਦਿਲ ਤੋਂ ਪਰਮੇਸ਼ਵਰ ਵੱਲ ਮੁੜੋਗੇ ... ਉਹ ਤੁਹਾਨੂੰ ਫ਼ਲਿਸਤੀਆਂ ਦੇ ਹੱਥੋਂ ਬਚਾਵੇਗਾ।" ਲੋਕਾਂ ਨੇ ਪਰਮੇਸ਼ਵਰ ਦੇ ਵਿਸ਼ਵਾਸ਼ ਯੋਗ ਨਬੀ ਦੀ ਆਗਿਆ ਮੰਨੀ। ਅਤੇ ਸੈਮੂਏਲ ਦੇ ਸਾਰੇ ਦਿਨਾਂ ਵਿੱਚ ਪਰਮੇਸ਼ਵਰ ਦਾ ਹੱਥ ਫ਼ਲਿਸਤੀਆ ਦੇ ਵਿਰੁੱਧ ਰਿਹਾ।

18

ਸੈਮੂਏਲ ਪਰਮੇਸ਼ਵਰ ਦਾ ਦਾਸ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਸੈਮੂਏਲ 1-7

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।